# ਕੂਕਾ-ਅੰਦੋਲਨ ਦਾ ਇਤਿਹਾਸਕ ਸਥਾਨ ਅਤੇ ਮਹੱਤਵ

ਬਲਵੀਰ ਕੌਰ (ਡਾ.)
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਖਾਲਸਾ ਕਾਲਜ (ਅੰਮ੍ਰਿਤਸਰ) ਆਫ਼ ਟੈਕਨਾਲੋਜੀ ਐਂਡ ਬਿਜ਼ਨਸ ਸਟੱਡੀਜ਼,ਮੋਹਾਲੀ

ਕੂਕਾ ਅੰਦੋਲਨ ਵਿਸ਼ੇਸ਼ ਕਾਲ- ਖੰਡ ਅਤੇ ਵਿਸ਼ੇਸ਼ ਰਾਜਨੀਤਕ ,ਸਮਾਜਿਕ ਪ੍ਰਸਥਿਤੀਆਂ ਦੀ ਉਪਜ ਸੀ ,ਜਿਸ ਸਮੇਂ ਰਾਜਨੀਤਕ ਪੱਧਰ ਉੱਤੇ 1857 ਦੇ ਫੌਜੀ ਗਦਰ ਦੀ ਅਸਫਲਤਾ ਨੇ ਭਾਰਤੀਆਂ ਨੂੰ ਰਾਜਨੀਤਕ ਤੌਰ ਤੇ ਮਾਯੂਸੀ ਦੇ ਆਲਮ ਵਿਚ ਸੁੱਟਿਆ ਹੋਇਆ ਸੀ ਅਤੇ ਸਿੱਖ ਰਾਜ ਦੇ ਪਤਨ ਸਦਕਾ ਪੰਜਾਬੀ ਵੀ ਅੰਗਰੇਜ਼ਾਂ ਦੀ ਅਧੀਨਗੀ ਮਾਨਸਿਕ ਤੌਰ ਉੱਤੇ ਕਬੂਲ ਕਰ ਚੁੱਕੇ ਸਨ। ਸਿੱਖ ਗੁਰੂਆਂ ਨੇ ਜਿਹੜੀ ਸਮਾਜਿਕ ਅਤੇ ਧਾਰਮਿਕ ਚੇਤਨਾ ਪੰਜਾਬੀ ਸਮਾਜ ਵਿਚ ਸੰਚਾਰਿਤ ਕੀਤੀ ਸੀ ,ਉਸਦੇ ਸੋਮੇ ਵੀ 19ਵੀਂ ਸਦੀ ਦੇ ਦੂਜੇ ਅੱਧ ਤੱਕ ਸੁੱਕ ਚੁੱਕੇ ਸਨ। ਇਸ ਤਰ੍ਹਾਂ ਦੀ ਆਂ ਰਾਜਨੀਤਕ ਅਤੇ ਸਮਾਜਿਕ ਪ੍ਰਸਥਿਤੀਆਂ ਵਿੱਚ ਬਾਬਾ ਰਾਮ ਸਿੰਘ ਦਾ ਉਭਰਨਾ ਅਤੇ ਕੂਕਾ ਅੰਦੋਲਨ ਸ਼ੁਰੂ ਹੋਣਾ ਆਪਣੇ ਤੌਰ 'ਤੇ ਇਕ ਇਤਿਹਾਸਕ ਮਹੱਤਤਾ ਵਾਲਾ ਵਰਤਾਰਾ ਸੀ। ਇਸ ਅੰਦੋਲਨ ਦੇ ਕੀਤੇ ਕੰਮਾਂ ਅਤੇ ਪ੍ਰਕਾਰਜਾਂ ਵਿਚ ਇਸ ਦੇ ਵਿਸ਼ੇਸ਼ ਸਥਾਨ ਨੂੰ ਸਾਡੇ ਇਤਿਹਾਸ ਵਿਚ ਅੰਕਿਤ ਕੀਤਾ ਗਿਆ ਹੈ। ਭਾਰਤੀ ਇਤਿਹਾਸ ਵਿਚ ਕੂਕਾ- ਅੰਦੋਲਨ ਦਾ ਆਪਣਾ ਇਕ ਵਿਲੱਖਣ ਸਥਾਨ ਅਤੇ ਮਹੱਤਵ ਹੈ। ਸਮਾਜਿਕ ਅਤੇ ਧਾਰਮਿਕ ਤੌਰ ਤੇ ਰਸਾਤਲ ਦੇ ਰਾਹ ਪਏ ਪੰਜਾਬੀ ਲੋਕਾਂ ਨੂੰ ਉਸ ਤਰ੍ਹਾਂ ਹੀ ਅੰਗਰੇਜ਼ ਹਕੂਮਤ ਵਰਗੇ ਮਜ਼ਬੂਤ ਸਾਮਰਾਜ ਵਿਰੁੱਧ ਬਾਂਹ ਫੜ੍ਹ ਕੇ ਖੜਾ ਕਰ ਲਿਆ ,ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਮੁਗਲ ਸ਼ਾਹੀ ਵਿਰੁੱਧ ਸਿੱਖਾਂ ਨੂੰ ਖੜ੍ਹਾ ਕਰ ਲਿਆ ਸੀ। ਇਹ ਕੂਕਾ- ਅੰਦੋਲਨ ਦੀ ਆਪਣੇ ਤੌਰ 'ਤੇ ਇੱਕ ਇਤਿਹਾਸਕ ਦੇਣ ਵੀ ਹੈ ਤੇ ਮਹੱਤਤਾ ਵੀ।

ਕੂਕਾ ਅੰਦੋਲਨ ਵਿਸ਼ੇਸ਼ ਕਾਲ-ਖੰਡ ਅਤੇ ਵਿਸ਼ੇਸ਼ ਰਾਜਨੀਤਕ, ਸਮਾਜਿਕ ਪ੍ਰਸਥਿਤੀਆਂ ਦੀ ਉਪਜ ਸੀ ,ਜਿਸ ਸਮੇਂ ਰਾਜਨੀਤਕ ਪੱਧਰ ਉੱਤੇ 1857 ਦੇ ਫੌਜੀ ਗਦਰ ਦੀ ਅਸਫਲਤਾ ਨੇ ਭਾਰਤੀਆਂ ਨੂੰ ਰਾਜਨੀਤਕ ਤੌਰ ਤੇ ਮਾਯੂਸੀ ਦੇ ਆਲਮ ਵਿਚ ਸੁੱਟਿਆ ਹੋਇਆ ਸੀ ਅਤੇ ਸਿੱਖ ਰਾਜ ਦੇ ਪਤਨ ਸਦਕਾ ਪੰਜਾਬੀ ਵੀ ਅੰਗਰੇ ਜ਼ਾਂ ਦੀ ਅਧੀਨਗੀ ਮਾਨਸਿਕ ਤੌਰ ਉੱਤੇ ਕਬੂਲ ਕਰ ਚੁੱਕੇ ਸਨ ।ਸਿੱਖ ਗੁਰੂਆਂ ਨੇ ਜਿਹੜੀ ਸਮਾਜਿਕ ਅਤੇ ਧਾਰਮਿਕ ਚੇਤਨਾ ਪੰਜਾਬੀ ਸਮਾਜ ਵਿਚ

ਸੰਚਾਰਿਤ ਕੀਤੀ ਸੀ,ਉਸਦੇ ਸੋਮੇ ਵੀ 19ਵੀਂ ਸਦੀ ਦੇ ਦੂਜੇ ਅੱਧ ਤੱਕ ਸੁੱਕ ਚੁੱਕੇ ਸਨ।ਇਸ ਤਰ੍ਹਾਂ ਦੀਆਂ ਰਾਜਨੀਤਕ ਅਤੇ ਸਮਾਜਿਕ ਪ੍ਰਸਥਿਤੀਆਂ ਵਿੱਚ ਬਾਬਾ ਰਾਮ ਸਿੰਘ ਦਾ ਉਭਰਨਾ ਅਤੇ ਕੂਕਾ ਅੰਦੋਲਨ ਸ਼ੁਰੂ ਹੋਣਾ ਆਪਣੇ ਤੌਰ ਤੇ ਇਕ ਇਤਿਹਾਸਕ ਮਹੱਤਤਾ ਵਾਲਾ ਵਰਤਾਰਾ ਸੀ।ਇਸ ਅੰਦੋਲਨ ਦੇ ਕੀਤੇ ਕੰਮਾਂ ਅਤੇ ਪ੍ਰਕਾਰਜਾਂ ਵਿਚ ਇਸ ਦੇ ਵਿ ਸ਼ੇਸ਼ ਸਥਾਨ ਨੂੰ ਸਾਡੇ ਇਤਿਹਾਸ ਵਿਚ ਅੰਕਿਤ ਕੀਤਾ ਗਿਆ ਹੈ।ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖਾਤਮੇ ਤੋਂ ਬਾਅਦ ਅੰਗਰੇ ਜ਼ਾਂ ਦੀਆਂ ਚਕਾਚੌਂਧ ਕਰਨ ਵਾਲੀਆਂ ਯੋਜਨਾਵਾਂ ਅਤੇ ਈਸਾਈ ਮਤ ਦੇ ਪ੍ਰਚਾਰ ਤੇ ਪ੍ਰਸਾਰ ਨੇ ਇਕ ਵਾਰ ਭਾਰਤ ਦੀਆਂ ਸਮਾਜਕ ਸੰਰਚਨਾਵਾਂ ਨੂੰ ਹਲੂਣ ਕੇ ਰੱਖ ਦਿੱਤਾ ।ਇਸ ਹਲੂਣੇ ਵਿਚੋਂ ਹੀ ਭਾਰਤ ਦੇ ਕੁਝ ਚੇਤੰਨ ਲੋਕਾਂ ਨੇ ਅੰਗਰੇ ਜ਼ਾ ਵੱਲੋਂ ਮਿਲੀਆਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਹਿੰਮਤ ਕੀਤੀ।ਇਸ ਸਾਂਝੀ ਸੰਗਠਨਾਂ ਨੇ ਲਹਿਰ ਪੈਦਾ ਕੀਤੀ।ਇਹ ਸੰਗਠਨ ਆਪਣੇ ਮੁਢਲੇ ਰੂਪ ਵਿਚ ਅੰਗਰੇ ਜ਼ਾਂ ਨਾਲ ਟੱਕਰ ਲੈਣ ਦੇ ਅਸਮਰੱਥ ਮਹਿਸੂਸ ਕਰਦੇ ਸਨ ।ਪਰ ਫਿਰ ਵੀ ਅੰਗਰੇਜ਼ ਪ੍ਰਸਾਸ਼ਨ ਵਿਰੁੱਧ ਪੈਦਾ ਹੋ ਰਹੇ ਅਕਰੋ ਸ਼ਨੇ ਕੁਝ ਲੋਕਾਂ ਨੂੰ ਟਕਰਾਅ ਦੇ ਰਾਹ ਵੀ ਤੋਰਿਆ ।ਭਾਵੇਂ ਇਹ ਟਕਰਾਅ ਫਿਲਹਾਲ ਕੋਈ ਹਥਿਆਰਬੰਦ ਸਰੂਪ ਦਾ ਧਾਰਨੀ ਨਹੀਂ ਸੀ ,ਪਰ ਫਿਰ ਵੀ ਟਕਰਾਅ ਵਰਗੀਆਂ ਸਰਗਰਮੀਆਂ ਤੋਂ ਬ੍ਰਿਟਿਸ਼ ਰਾਜ ਤ੍ਰਹਿੰਦਾ ਸੀ।

ਇਸ ਦ੍ਰਿਸ਼ਟੀ ਤੋਂ ਬਾਬਾ ਰਾਮ ਤੇ ਉਹਨਾਂ ਦੇ ਸਮੁਦਾਇ ਦੀ ਸੋਚ ਵਿਚ ਟਕਰਾਅ ਵਾਲੀ ਨੀਤੀ ਪਨਪ ਰਹੀ ਸੀ ਅਤੇ ਮੁੱਢਲੇ ਰੂਪ ਵਿਚ ਨਾ-ਮਿਲਵਰਤਨ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਸੀ ।ਇਸੇ ਲਈ ਨਾਮਧਾਰੀ ਸੰਗਠਨ,ਇਸ ਦੌਰ ਦੀ ਮਹੱਤਵਪੂਰਨ ਲਹਿਰ ਮੰਨੀ ਜਾਂਦੀ ਹੈ।ਲਾਹੌਰ ਦਰਬਾਰ ਦੀ ਸਿੱਖ ਸੈਨਾ ਦੇ ਮੈਂਬਰ ਦੀ ਹੈਸੀਅਤ ਵਿਚ ਆਪ ਰਾਜਸੀ ਧਾਰਮਿਕ ਤੇ ਅੰਗਰੇ ਜ਼ੀ ਸਰਕਾਰ ਦੀਆਂ ਨੀਤੀਆਂ ਤੋਂ ਭਲੀਭਾਂਤ ਵਾਕਿ ਫ਼ ਸਨ ਅਤੇ ਰਣਜੀਤ ਸਿੰਘ ਦੇ ਸੁਰਗਵਾਸ ਬਾਅਦ ਸਿੱਖ ਰਾਜ ਵਿਚ ਆਏ ਨਿਘਾਰ ਤੋਂ ਵੀ ਭਲੀਭਾਂਤ ਜਾਣੂ ਸਨ।ਐਸੀ ਸੋਚ ਨੇ ਆਪ ਨੂੰ ਬਾਬਾ ਬਾਲਕ ਸਿੰਘ ਦੀ ਸ਼ਰਨ ਵਿਚ ਆਉਣ ਅਤੇ ਸਿੱਖ ਸੈਨਾ ਨੂੰ ਤਿਆਗਣ ਦਾ ਮੌਕਾ ਪ੍ਰਦਾਨ ਕੀਤਾ ।ਆਖਿਰ ਉਹਨਾਂ ਭੈਣੀ ਸਾਹਿਬ ਵਿਖੇ,ਇਸ ਸੰਗਠਨ ਦਾ ਮੁੱਖ ਕੇਂਦਰ ਸਥਾਪਿਤ ਕੀਤਾ,ਜੋ ਦੁਨੀਆਂ ਵਿਚ,ਇਸ ਸੰਗਠਨ ਦੇ ਪੈਰੋਕਾਰਾਂ ਲਈ ਸਤਿਕਾਰਤ ਤੇ

ਪ੍ਰਵਾਨਿਤ ਧਰਮ ਅਸਥਾਨ ਹੈ।ਇਸ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਲਈ ,ਉਹ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਰਦੇ ਰਹੇ ਅਤੇ ਆਪਣੇ ਤਰਖਾਣਾਂ ਕਿੱਤੇ ਨੂੰ ਵੀ ਤਿਆਗਿਆ ਨਹੀਂ।

ਨਾਮਧਾਰੀ ਪੰਥ ਦੀ ਬੁਨਿਆਦ ਵਧੇਰੇ ਕਰਕੇ,ਗੁਰਮਤਿ ਪਰੰਪਰਾ ਦੇ ਪਰਿਪੇਖ ਵਿਚ ਹੀ ਮਹੱਤਵ ਰੱਖਦੀ ਹੈ ਅਤੇ ਇਸ ਦਾ ਅਧਿਆਤਮਕ ਤੇ ਸਮਾਜਿਕ ਅਧਾਰ ਗੁਰਮਤਿ ਆਦਰ ਸ਼ਾਂ ਉੱਪਰ ਅਧਾਰਿਤ ਹੈ।ਇਸੇ ਲਈ ਬਾਬਾ ਰਾਮ ਸਿੰਘ ਦੁਆਰਾ ਸਥਾਪਿਤ ਇਹ ਸੰਗਠਨ ,ਗੁਰੂ ਨਾਨਕ ਦੁਆਰਾ ਸਥਾਪਿਤ ਸਿਧਾਤਾਂ ਦੇ ਨਾਲ- ਨਾਲ ਗੁਰੂ ਗੋਬਿੰਦ ਸਿੰਘ ਦੀ ਰਾਜਨੀਤਕ ਚੇਤਨਾ ਨਾਲ ਸਬੰਧਿਤ ਉਦੇ ਸ਼ਾਂ ਨਾਲ ਵੀ ਓਤਪੋਤ ਹੈ ।ਇਸ ਲਈ ਨਾਮਧਾਰੀ ਪੰਥ ਦੇ ਸਿਧਾਤਾਂ ਨੂੰ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਤਾਂ ਦਾ ਸਮਨਵੈ ਪ੍ਰਵਾਨ ਕੀਤਾ ਜਾ ਸਕਦਾ ਹੈ ।ਭਾਈ ਕਾਹਨ ਸਿੰਘ ਨਾਭਾ ਅਨੁਸਾਰ :

‘‘...ਸੰਨ 1841 ਵਿਚ ਨੌਕਰੀ ਛੱਡ ਕੇ (ਬਾਬਾ ਰਾਮ ਸਿੰਘ ) ਛੋਈ ਪਿੰਡ (ਜ਼ਿਲ੍ਹਾ ਅਟਕ) ਦੇ ਵਸਨੀਕ ਬਾਬਾ ਬਾਲਕ ਸਿੰਘ ਜੀ ਦੇ (ਜਿਹਨਾਂ ਨੇ ਹਜਰੋ ਵਿਚ ਭਗਤੀ ਦਾ ਬਹੁਤ ਪ੍ਰਚਾਰ ਕੀਤਾ ) ਚਾਟੜੇ ਹੋ ਕੇ ਨਾਮ ਉਪਦੇ ਸ਼ਲੀਤਾ ਅਰ ਭੈਣੀ ਵਿਚ ਨਿਵਾਸ ਕਰਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ,ਇਸ ਮਤ ਦੇ ਸਿੱਖ ਸਫੈਦ ਵਸਤਰ ਅਤੇ ਚਿੱਟੀ ਉੱਨ ਦੀ ਮਾਲਾ ਰੱਖਦੇ ਹਨ ।‘ਵਾਹਿਗੁਰੂ’ਮੰਤ੍ਰ ਦਾ ਉਪਦੇ ਸ਼ ਕੰਨ ਵਿੱਚ ਦਿੱਤਾ ਜਾਂਦਾ ਹੈ ,ਅੰਮ੍ਰਿਤ ਇਕ ਪ੍ਰਾਂ ਤ ਵਿਚ ਇਕੱਠਾ ਨਹੀਂ ਛਕਾਉਂਦੇ ਹਨ ,ਜੁਦਾ-ਜੁਦਾ ਛਕਾਉਂਦੇ ਹਨ ,ਹਵਨ ਦੇ ਵੱਡੇ ਪ੍ਰੇ ਮੀ ਹਨ ,ਅਨੰਦ ਵਿਆਹ ਸਮੇਂ ਗੁਰੂ ਗ੍ਰੰ ਥ ਸਾਹਿਬ ਦੀ ਪਰਿਕਰਮਾ ਦੀ ਥਾਂ ਵੇਦੀ ਗੱਡ ਕੇ ਅਗਨਿ ਵਿਚ ਹੋਮ ਕਰਕੇ ਲਾਵਾਂ ਪੜ੍ਹਦੇ ਹਨ ,ਬਹੁਤ ਪ੍ਰੇਮੀ ਹਾਲ ਵਿਚ ਮਸਤ ਹੋ ਕੇ ਚੀਕਾਂ (ਕੂਕਾਂ) ਮਾਰ ਉਠਦੇ ਹਨ ਅਰ ਦਸਤਾਰ ਉਤਾਰ ਕੇ ਨੱਚਣ ਲਗ ਜਾਂਦੇ ਹਨ ,ਜਿਸ ਤੋਂ ਕੂਕਾ ਸੰਗਿਆ ਹੋ ਗਈ,ਵਾਸਤਵ ਵਿਚ ਪੰਥ ਦੀ ਸੰਗਯਾ ‘ਨਾਮਧਾਰੀਆ’ਹੈ।’’[1]

ਇਹਨਾਂ ਪੱਖਾਂ ਵਿਚ ਹਵਨ ਦਾ ਪ੍ਰੇ ਮੀ ਹੋਣਾ,ਵੇਦੀ ਦਾ ਪ੍ਰਯੋਗ ਅਤੇ ਅੰਮ੍ਰਿਤ ਛਕਾਉਣ ਦਾ ਢੰਗ ਭਾਵੇਂ ਸਿੱਖ ਧਰਮ ਤੋਂ ਕੁਝ ਓਪਰਾ ਹੈ ,ਪ੍ਰੰਤੂ ਇਸ ਪੰਥ ਦਾ ਹਰ ਅਨੁਯਾਈ ਸਿੱਖ ਧਰਮ ਵਿਚ ਪੂਰਨ ਵਿ ਸ਼ਵਾਸ਼ ਰੱਖਦਾ ਹੈ ।ਇਸਦੇ ਅਨੁਯਾਈਆਂ ਦਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚ ਪੂਰਨ ਵਿਸ਼ਵਾਸ਼ ਇਸ ਦੀ ਹਾਮੀ ਭਰਦਾ ਹੈ।ਇਸ

ਵਿਚ ਜਾਤ-ਪਾਤ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਸਿੱਖੀ ਜੀਵਨ ਜੀਣਾ ,ਵਰਣ ਵਿਤਕਰੇ ਤੋਂ ਉੱਪਰ ਉੱਠ ਕੇ ਵਿਆਹ ਦੀ ਖੁੱਲ੍ਹ,ਵਿਧਵਾ ਵਿਆਹ ਵਿਚ ਯਕੀਨ ,ਨਸ਼ਿਆਂ ਤੋਂ ਪ੍ਰਹੇ,ਸੱਚ ਦੇ ਪੈਰੋਕਾਰ ਹੋਣਾ ,ਸਭ ਨੂੰ ਨਾਲ ਲੈ ਕੇ ਚੱਲਣਾ ,ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ਼ ਰੱਖਣਾ ਅਤੇ ਸਫੈਦ ਵਸਤਰ ਪਹਿਨਣਾ ਤੇ ਮਾਲਾ ਨੂੰ ਇਸ ਪੰਥ ਦੇ ਪੈਰੋਕਾਰਾਂ ਵਿਚ ਮੂਲ ਪ੍ਰਵਾਨ ਕੀਤਾ ਜਾਂਦਾ ਹੈ।

ਬਾਬਾ ਰਾਮ ਸਿੰਘ ,ਇਨ੍ਹਾਂ ਅਧਿਆਤਮਕ ਉਦੇਸ਼ਾਂ ਦੇ ਨਾਲ-ਨਾਲ,ਇਸ ਪੰਥ ਦੇ ਪੈਰੋਕਾਰਾਂ ਲਈ ਰਾਜਸੀ ਚੇਤਨਾ ਦੇ ਵੀ ਹਾਮੀ ਸਨ।ਸਿੱਖ ਰਾਜ ਦੇ ਪਤਨ ਬਾਅਦ ਉਹਨਾਂ ਨੇ ਈਸਾਈ ਮਤ ਦੇ ਵਿਰੋਧ ਲਈ ਸਿੱਖ ਧਰਮ ਦੇ ਪ੍ਰਸਾਰ ਤੇ ਪ੍ਰਚਾਰ ਲਈ ਮਹੱਤਵਪੂਰਨ ਭੂਮਿਕਾ ਨਿਭਾਈ ।ਇਸਦੇ ਨਾਲ ਹੀ ਆਪ ਅੰਗਰੇਜ਼ੀ ਰਾਜ ਦੇ ਰਾਜਨੀਤਕ ਦੁਸ਼ਟ ਪੱਖਾਂ,ਸਭਿਆਚਾਰਕ ਪ੍ਰਭਾਵਾਂ ਅਤੇ ਧਰਮ ਪਰਿਵਰਤਨ ਤੋਂ ਵੀ ਕਾਫੀ ਚਿੰਤਤ ਸਨ।ਇਸੇ ਲਈ ,ਉਹ ਆਪਣੇ ਪੰਥ ਦੇ ਪੈਰੋਕਾਰਾਂ ਨੂੰ ਅੰਗਰੇਜ਼ੀ ਵਿੱਦਿਆ ਪੜ੍ਹਾਉਣ ਵਿਦੇਸ਼ੀ ਪੌਸ਼ਾਕ ਅਤੇ ਨਸ਼ਿਆਂ ਦਾ ਪ੍ਰਯੋਗ ਕਰਨ ਤੇ ਮਾਸਾਹਾਰੀ ਹੋਣ ਦੇ ਵੀ ਸਖ਼ਤ ਵਿਰੋਧੀ ਸਨ।ਇਥੋਂ ਤੱਕ ਕਿ ਉਹ ਡਾਕਖਾਨਿਆਂ ਤੇ ਰੇਲ ਦੇ ਪ੍ਰਯੋਗ ਦੇ ਵੀ ਵਿਰੋਧੀ ਸਨ ।ਇੱਕ ਤਰ੍ਹਾਂ ਨਾਲ ਉਹਨਾਂ ਅੰਗਰੇਜ਼ੀ ਦੀ ਹਰ ਸਹੂਲਤ ਨੂੰ ਠੁਕਰਾ ਕੇ ਭਾਰਤੀ ਜੀਵਨ ਜਾਚ ਲਈ ਪ੍ਰੇਰਿਆ।''ਸੌ ਸਾਖੀਆ''ਵਿਚ ਅੰਗਰੇਜ਼ ਸਾਮਰਾਜ ਦੇ ਵਿਰੋਧ ਸਬੰਧੀ ਅਨੇਕ ਵਿਵਰਣ ਮਿਲਦੇ ਹਨ।

ਅਜਿਹੀ ਭਾਵਨਾ ਅਧੀਨ ਹੀ ਰਾਮ ਸਿੰਘ ਦੇ ਸੇਵਕਾਂ ਉੱਪਰ ਸਰਕਾਰੀ ਏਜੰਸੀਆਂ ਦੀ ਕਰੜੀ ਨਜ਼ਰ ਸੀ ਅਤੇ ਕਈ ਸਿੱਖ ,ਅੰਗਰੇਜ਼ੀ ਸਾਮਰਾਜ ਦੀਆਂ ਸਖ਼ਤੀਆਂ ਤੋਂ ਬਚਣ ਲਈ ,ਇਸ ਪੰਥ ਨਾਲੋਂ ਆਪਣੇ ਆਪ ਨੂੰ ਵੱਖਰੇ ਰੱਖਦੇ ਸਨ।ਇਥੋਂ ਤੱਕ ਕਿ ਉਹਨਾਂ ਨੂੰ 'ਤਨਖਾਹੀਆ'ਵੀ ਕਰਾਰ ਦਿੱਤਾ ਜਾਂਦਾ ਸੀ।ਬਾਬਾ ਰਾਮ ਸਿੰਘ ਜੀ ਦੀ ਇਸ ਰਾਜਸੀ ਜਾਗ੍ਰਿਤੀ ਨੇ ਅੰਗਰੇਜ਼ ਸਰਕਾਰ ਨੂੰ ਬਹੁਤ ਚਿੰਤਿਤ ਕਰ ਦਿੱਤਾ ਅਤੇ ਉਹ ਇਸ ਪੰਥ ਦੀ ਹਰ ਹਰਕਤ ਉੱਤੇ ਨਜ਼ਰ ਰੱਖਦੇ ਸਨ।ਸਰਕਾਰ ਦੀਆਂ ਨੀਤੀਆਂ ਇਸ ਪੰਥ ਦੇ ਸਿਧਾਤਾਂ ਵਿਚ ਕੁਝ ਐਸੇ ਪੱਖ ਦਰਜ ਕਰਕੇ ਇਸਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਵੱਲ ਇਸ਼ਾਰਾ ਵੀ ਮਿਲਦਾ ਹੈ :

"In the papers relating to Kooka Sect, the Govt. account details the followings leadingfeatures of the doctrines of Baba Ram Singh… but advocates much too free-intercourse between the sexes, men and women and young girls have joined the sect…''[2]

ਕੂਕਾ ਲਹਿਰ ਜਾਂ ਇਸ ਦੇ ਪੈਰੋ ਕਾਰ ਅੰਗਰੇਜ਼ੀ ਸਾਮਰਾਜ ਲਈ ਖਤਰਾ ਸਨ।ਉਹਨਾਂ ਦੇ ਮਨ ਅੰਦਰ ਇਹ ਡਰ ਸੀ ਕਿ ਇਹ ਅੰਦੋਲਨ ਕਦੇ ਨਾ ਕਦੇ ਉਹਨਾਂ ਦੇ ਸਾਮਰਾਜ ਦੇ ਖਾਤਮੇ ਦਾ ਕਾਰਨ ਬਣੇਗਾ।

''ਇਸ ਸਮੇਂ ਇਕ ਗੱਲ ਸਪਸੱਟ ਸੀ ਕਿ ਅੰਗਰੇਜ਼ੀ ਸਾਮਰਾਜ ਦੇ ਸਾਹਮਣੇ,ਇਸ ਪੰਥ ਦੇ ਅਨੁਯਾਈ ਇੱਕ ਗੰਭੀਰ ਚੈਲੰਜ ਵਾਂਗ ਸਨ ।ਉਹਨਾਂ ਨੂੰ ਇਸ ਗੱਲ ਦਾ ਡਰ ਸੀ ਕਿ ਇਕ ਦਿਨ ਇਹ ਸਾ ਡੇ ਵਿਨਾ ਸ਼ਦਾ ਕਾਰਨ ਬਣ ਸਕਦੇ ਹਨ।ਇਸੇ ਲਈ 1872 ਈਸਵੀ ਵਿਚ ਆਪਣੇ ਸ਼ਾਕਾਹਾਰੀ ਅਤੇ ਗਊ ਰੱਖਿਅਕ ਸਿਧਾਤਾਂ ਨੂੰ ਮੁੱਖ ਰੱਖ ਕੇ ,ਜਿਉਂ ਹੀ ਉਹਨਾਂ ਮਲੇਰਕੋਟਲੇ ਦੇ ਕੁਝ ਬੁੱਚੜਾਂ ਦਾ ਕਤਲ ਕੀਤਾ ਤਾਂ ਲੁਧਿਆਣੇ ਦੇ ਡਿਪਟੀ ਕਮਿ ਸ਼ਨਰ ਨੇ ਬਿਨਾਂ ਕਿਸੇ ਜਾਂਚ ਪੜਤਾਲ ਦੇ 49 ਨਾਮਧਾਰੀ ਸਿੱਖਾਂ ਨੂੰ ਤੋਪਾਂ ਸਾਹਮਣੇ ਖੜੇ ਕਰਕੇ ਉਡਾਇਆ ਅਤੇ ਅਗਲੇ ਦਿਨ ਸੋਲ੍ਹਾਂ ਨੂੰ ਵੀ ਤੋਪਾਂ ਸਾਹਮਣੇ ਖੜੇ ਕਰਕੇ ਉਡਾ ਦਿੱਤਾ ।ਇਸੇ ਘਟਨਾ ਦੀ ਆੜ ਵਿਚ ਬਾਬਾ ਰਾਮ ਸਿੰਘ ਨੂੰ ਦੇ ਸ਼ ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ,ਜਿੱਥੇ ਉਹ 29,1985 ਨੂੰ ਸੁਰਗਵਾਸ ਹੋਏ ਦੱਸੇ ਜਾਂਦੇ ਹਨ।''[3]

ਇਸ ਤਰ੍ਹਾਂ ਉਹਨਾਂ ਦੁਆਰਾ ਚਲਾਈ ਧਾਰਮਿਕ ਲਹਿਰ ਇਕ ਸ਼ਕਤੀਸ਼ਾਲੀ ਰਾਜਨੀਤਕ ਲਹਿਰ ਵਜੋਂ ਉਭਰ ਕੇ ਸਾਹਮਣੇ ਆਈ,ਜਿਸਨੇ ਗੁਲਾਮੀ ਤੇ ਆਜ਼ਾਦੀ ਦੇ ਤੁਲਨਾਤਮਕ ਪੱਖ ਨੂੰ ਪੇ ਸ਼ ਕਰਕੇ ਸਮੁੱਚੇ ਭਾਰਤੀਆਂ ਤੇ ਵਿ ਸ਼ੇਸ਼ ਕਰਕੇ ਪੰਜਾਬੀਆਂ ਵਿਚ ਅੰਗਰੇ ਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾਈਆਂ ।ਇਹ ਇਕ ਤਰ੍ਹਾਂ ਨਾਲ ,ਭਾਰਤੀਆਂ ਵਿਚ ਰਾ ਸ਼ਟਰੀ ਚੇਤਨਾ ਪੈਦਾ ਕਰਨ ਦਾ ਸਭ ਤੋਂ ਪਹਿਲਾ ਯਤਨ ਸੀ ।ਇਸ ਵਕਤ ਬੇਸ਼ੱਕ ਆਰੀਆ ਸਮਾਜ,ਸਿੰਘ ਸਭਾ ਲਹਿਰ ਆਦਿ ਦੇ ਅਨੁਯਾਈ ਵੀ ਅੰਗਰੇਜ਼ਾਂ ਦੀਆਂ ਵਧੀਕੀਆਂ ਤੇ ਨੀਤੀਆਂ ਤੋਂ ਪਰੇਸ਼ਾਨ ਸਨ ਪਰ ਜਿਸ ਉੱਚੀ ਸੁਰ ਨਾਲ ਨਾਮਧਾਰੀ ਪੰਥ ਨੇ ਅੰਗਰੇਜ਼ਾਂ ਨਾਲ ਮੱਥਾ ਲਾਇਆ ,ਉੱਨੀ ਉੱਚੀ ਸੁਰ ਹੋਰ ਕਿਸੇ ਲਹਿਰ ਜਾਂਪੰਥ ਵਿਚ ਦਿਖਾਈ ਨਹੀਂ ਦਿੰਦੀ ।ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਤਾਂ ਇਸਦੇ ਉਦੇਸ਼ਾਂ ਵਿਚ ਸਾਫ਼ ਸਪੱਸ਼ਟ ਕਰ ਦਿੱਤਾ ਸੀ ਕਿ ਐਸਾ ਕੋਈ ਕਦਮ ਨਹੀਂ ਚੁੱਕਣਾ ਜਿਸ

ਨਾਲ ਅੰਗਰੇਜ਼ ਹਕੂਮਤ ਨਾਰਾਜ਼ (ਖਫਾ) ਹੋਵੇ।ਬਾਬਾ ਰਾਮ ਸਿੰਘ ,ਰੰਗੂਨ ਤੋਂ ਆਪਣੇ ਅਨੁਆਈਆਂ ਨੂੰ ਚਿੱਠੀਆਂ ਰਾਹੀਂ ਆਪਣੇ ਉਦੇਸ਼ਾਂ ਤੇ ਅੰਗਰੇਜ਼ੀ ਸਰਕਾਰ ਦੀਆਂ ਨੀਤੀਆਂ ਪ੍ਰਤੀ ਜਾਗਰੂਕ ਕਰਦੇ ਰਹੇ।

ਕੂਕਾ-ਅੰਦੋਲਨ ਤੋਂ ਪੈਦਾ ਹੋਏ ਸੰਕਟ ਜਿਸ ਦਾ ਸ਼ਿਕਾਰ ਅੰਗਰੇਜ਼ੀ ਸਾਮਰਾਜ ਨੇ ਹੋਣਾ ਸੀ ,ਬਾਰੇ ਇਕ ਵਿਦਵਾਨ ਲਿਖਦੇ ਹਨ :

''ਅਸਲ ਵਿਚ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਨ 1857 ਦੇ ਗਦਰ ਜੋ ਕਿ ਆਜ਼ਾਦੀ ਹਾਸਲ ਕਰਨ ਖਾਤਿਰ ਨਾ ਕਾਮਯਾਬ ਲੜਾਈ ਪਿਛੋਂ,ਨਾਮਧਾਰੀ ਲਹਿਰ ਹੀ ਅੰਗਰੇਜ਼ਾਂ ਦੀ ਵਿਦੇਸ਼ੀ ਹਕੂਮਤ ਦੇ ਬਦਤਰੀਨ ਦੁਸ਼ਮਣਾਂ ਦੀਆਂ ਕਤਾਰਾਂ ਵਿੱਚ ਸਭ ਤੋਂ ਮੋਹਰੀ ਹੈ ।ਖੁੱਲੇ ਤੌਰ ਤੇ ਖੋਟਿਆ ਦੇ ਮੇਲੇ ਜੂਨ ,1863 ਈ. ਤੋਂਲੈਕੇ 14 ਅਗਸਤ,1947 ਈ. ਭਾਵ ਆਜ਼ਾਦੀ ਮਿਲਣ ਤੱਕ ਨਾਮਧਾਰੀ ਸਿੱਖਾਂ ਨੇ 84 ਸਾਲ ਆਪਣੀ ਇਸ ਥਾਂ ਨੂੰ ਤਸੀਹੇ ਝੱਲ ਕੇ ਕੁਰਬਾਨੀਆਂ ਦੇ ਕੇ ਕਾਇਮ ਰੱਖਿਆ।''[4]

ਇਸ ਤੱਥ ਦੀ ਪ੍ਰੋੜਤਾ ਕਰਦੇ ਹੋਏ ਨਾਹਰ ਸਿੰਘ ਲਿਖਦੇ ਹਨ :

''ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨੇ ਅੰਗਰੇ ਜ਼ਾਂ ਹਾਕਮਾਂ ਦੇ ਜੂਠੇ ਟੁਕੜਿਆਂ ਉੱਤੇ ਪਲਣ ਵਾਲੇ ਸਿੱਖ,ਹਿੰਦੂ,ਮੁਸਲਮਾਨ,ਈਸਾਈ,ਟੋਡੀਆਂ ਅਤੇ ਬੂਟ ਚੱਟੂਆਂ ਨੇ ,ਸਿੱਖ ਰਿਆਸਤਾਂ ਦੇ ਰਾਜਿਆਂ- ਮਹਾਰਾਜਿਆਂ ਨੇ,ਅੰਗਰੇਜ਼ੀ ਹਾਕਮਾਂ ਦੀ ਹਮਾਇਤ ਨਾਲ ਅਤੇ ਉਹਨਾਂ ਦੀ ਤਹਿ ਅਤੇ ਗੁਝੇ ਤਰੀਕੇ ਨਾਲ ਦਿੱਤੀ ਗਈ ਮਾਲੀ ਮਦਦ ਨਾਲ ਸਿੱਖ ਧਰਮ ਦੇ ਦਾਵੇਦਾਰ ਸਿੱਖ ਤਖਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਸਰਕਾਰੀ ਜਾਗੀਰਦਾਰਾਂ ,ਮਹੰਤਾਂ ਅਤੇ ਪੁਜਾਰੀਆਂ ਨੇ ਕੂਕਿਆਂ ਨੂੰ ਮੂਲੋਂ ਹੀ ਤਬਾਹ ਅਤੇ ਬਰਬਾਦ ਕਰਨ ਲਈ ਹਰ ਪ੍ਰਕਾਰ ਦੇ ਹੀਲੇ- ਵਸੀਲੇ,ਹਥਕੰਡੇ,ਬਹਾਨੇ,ਹੋਛੀਆਂ ਊਜਾਂ,ਝੂਠੀਆਂ ਬਦਨਾਮੀਆਂ ਦੇ ਪ੍ਰਾਪੇਗੰਡੇ ਤੇ ਹਥਿਆਰ ਵਰਤੇ ,ਪਰ ਕੂਕਿਆਂ ਨੇ 84 ਸਾਲ ਦੇ ਲੰਮੇ ਅਰਸੇ ਵਿਚ ਧਰਮ ਅਤੇ ਆਜ਼ਾਦੀ ਦੀਆਂ ਕੂਕਾ ਮਾਰ-ਮਾਰ ਕੇ ਸੰਨੀਆਂ ਭੈਣੀਆਂ ਅੰਦਰ ਗੁਲਾਮੀ ਦੀਆਂ ਨੀਹਾਂ ਵਿਚ ਘੂਕ ਸੁੱਤੀ ਪਈ ਬੇਹੋਸ਼ ਹਿੰਦੁਸਤਾਨੀ ਜਨਤਾ ਨੂੰ ''ਹੁਸ਼ਿਆਰ ਖਬਰਦਾਰ''ਰਹਿਣ ਦੀਆਂ ਆਵਾ ਜ਼ਾਂ ਕੰਨੀ ਪਾ- ਪਾ ਕੇ ਖੁਦਾਈ ਪਹਿਰੇਦਾਰਾਂ ਦੇ ਕਰੜੇ ਫ਼ਰਜ਼ ਨੂੰ ਨਿਭਾਇਆ।''[5]

ਕੂਕਾ-ਅੰਦੋਲਨ ਤਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮੇਂ ਜਨਤਾ ਦੀ ਜੀਵਨ ਸ਼ੈਲੀ ਵਿੱਚ ਵੀ ਵਿਲੱਖਣਤਾ ਭਰਪੂਰ ਬਦਲਾਅ ਲਿਆਂਦਾ।ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋ ਬਿੰਦ ਸਿੰਘ ਜੀ ਦੇ ਉਦੇ ਸ਼ਾਂ ਅਨੁਸਾਰ ਚਲਣ ਦਾ,ਭੈੜੀਆਂ ਤੇ ਕੋਝੀਆਂ ਰਹੁਰੀਤਾਂ ਨੂੰ ਤਿਆਗਣ ਤੇ ਉੱਚੀਆਂ- ਸੁੱਚੀਆਂ ਕਦਰਾਂ ਕੀਮਤਾਂ ਨੂੰ ਅਪਣਾਉਣ ਉੱਤੇ ਜ਼ੋਰ ਦਿੱਤਾ।ਮੜ੍ਹੀ-ਮਸਾਣੀ,ਬੁੱਤ ਪੂਜਾ ਤੇ ਕਬਰਾਂ ਆਦਿ ਨੂੰ ਮੰਨਣ ਦੀ ਸ ਖ਼ਤ ਮਨਾਹੀ,ਲੜਕੀਆਂ ਨੂੰ ਜੰਮਦੇ ਮਾਰਨ ਦੇ ਵਿਰੁੱਧ ਬੜਾ ਜ਼ੋਰਦਾਰ ਪ੍ਰਚਾਰ ਕੀਤਾ।ਵਿਆਹਾਂ ਕਰਕੇ ਕਰਜਿਆਂ ਥੱਲੇ ਦੱਬੇ ਜਾਣ ਤੋਂ ਸਾਦਾ ਤੇ ਸਸਤੇ ਆਨੰਦ-ਕਾਰਜ ਦੀ ਰਸਮ ਤੋਰ ਕੇ ਇਕ ਕ੍ਰਾਂਤੀਕਾਰੀ ਕਦਮ ਪੁੱਟਿਆ ।ਹਮੇਸ਼ਾ ਧਾਰਮਿਕ ਵਿਚਾਰਧਾਰਾ ਨੂੰ ਹੀ ਮੁੱਖ ਰੱਖਿਆ ।ਸਾਮਰਾਜ ਦੇ ਵਿਰੁੱਧ ਆਜ਼ਾਦੀ ਤੱਕ ਪੱਛਮੀ ਸਭਿਆਚਾਰ ਤੇ ਪੱਛਮੀ ਤਹਿ ਜੀਬ ਦਾ ਭਾਰੀ ਵਿਰੋਧ ਅਤੇ ਹਰ ਪ੍ਰਕਾਰ ਦਾ ਮੁਕੰਮਲ ਬਾਈਕਾਟ ਭਾਵ ਨਾ-ਮਿਲਵਰਤਨ ਕਰਨ,ਖੱਦਰ ਪਹਿਨਣ,ਸੁਦੇਸ਼ੀ ਵਸਤਾਂ ਦੇ ਵਰਤਣ ਉੱਤੇ ਜ਼ੋਰ ਦਿੱਤਾ।

ਦਲੀਪ ਸਿੰਘ ਨਾਮਧਾਰੀ ਅਨੁਸਾਰ :

''ਭਾਵੇਂ ਸੰਨ 1872 ਤੋਂਸੰਨ 1923 ਤੀਕ 51 ਸਾਲ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਦੀ ਚੌਂਕੀ ਗੁਰਦੁਆਰੇ ਦੀ ਡਿਉਢੀ ਵਿਚ ਬੈਠੀ ਰਹੀ ਅਤੇ ਉਥੇ ਬੈਠ ਕੇ ਅੰਦਰੋਂ ਬਾਹਰ ਤੇ ਬਾਹਰੋਂ ਅੰਦਰ ਜਾਣ ਵਾਲੇ ਹਰ ਇਸਤਰੀ ਮਰਦ ਦੀ ਤਲਾ ਸ਼ੀ ਲਈ ਜਾਂਦੀ ਰਹੀ ।ਨਾਮਧਾਰੀ ਦੀਵਾਨਾਂ ,ਮੇਲਿਆਂ,ਸ੍ਰੀ ਆਦਿ ਗੁਰੂ ਗ੍ਰੰ ਥ ਸਾਹਿਬ ਦੇ ਪਾਠਾਂ ਦੇ ਭੋਗ ਪਾਉਣ,ਸਮਾਗਮਾਂ ਅਤੇ ਆਨੰਦ ਕਾਰਜਾਂ ਦੇ ਸਮੇਂ ਹੋਏ ਇਕੱਠਾ ਤੇ ਲਗਾਤਾਰ ਸ ਖ਼ਤ ਪਾਬੰਦੀ ਲਗੀ ਰਹੀ।ਜੇ ਕਿਧਰੇ 5 ਤੋਂ ਜ਼ਿਆਦਾ ਨਾਮਧਾਰੀ ਇਕੱਠੇ ਹੁੰਦੇ ਤਦ ਉਨ੍ਹਾਂ ਨੂੰ ਸ ਖ਼ਤ ਸਜ਼ਾਵਾਂ ਤੇ ਜ਼ੁਰਮਾਨੇ ਹੁੰਦੇ।ਛੋਟੇ ਤੇ ਮਾਮੂਲੀ ਅਪਰਾਧਾਂ ਦੇ ਬਹਾਨੇ ਜੇਹਲੀਂ ਡੱਕਿਆ ਜਾਂਦਾ ,ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ ।ਇਕ ਤਰ੍ਹਾਂ ਇਨ੍ਹਾਂ ਨੂੰ ਜ਼ੁਰਾਇਮ ਪੇਸ਼ਾ ਜਾਤੀਆਂ ਵਾਕਰ ਸਮਝਿਆ ਜਾਂਦਾ।ਪਰ ਵਿਦੇਸ਼ੀ ਹਕੂਮਤ ਵਿਰੁੱਧ ਸੰਨ 1857 ਵਿਚ ਜਗਾਈ ਗਈ ਦੇਸ ਸਵਤੰਤਰਤਾ ,ਸਮਾਜ ਸੁਧਾਰ ਤੇ ਧਰਮ ਪ੍ਰਚਾਰ ਦੀ ਜੋਤ ਨੂੰ ਅਜ ਤੀਕ ਜਾਗਦਿਆਂ ਰੱਖ ਰਹੇ ਹਨ।''[6]

ਕੂਕਾ-ਅੰਦੋਲਨ ਦੇ ਆਗੂ ਤੇ ਇਸਦੇ ਪੈਰੋਕਾਰਾਂ ਦਾ ਜੀਵਨ ਅਸੂਲ ਪ੍ਰਸਤੀ ਦਾ ਜੀਵਨ ਸੀ ਜੋ ਨਿਯਮ ਭਰਪੂਰ ਜੀਵਨ ਸੀ।ਉਹ ਸੋਚ ਤੇ ਅਮਲ ,ਕਥਨੀ ਤੇ ਕਰਨੀ ਦੋਵੇਂ ਇਕਸਾਰ ਨਿਭਾਉਂਦੇ ਰਹੇ ਹਨ ।ਜੇਕਰ ਅੰਗਰੇਜ਼ ਸਰਕਾਰ ਨਾਲ

ਨਾ-ਮਿਲਵਰਤਨ ਹੈ,ਤਾਂ ਉਹ ਇੱਕ ਸਮੇਂ ਲਈ ਨਹੀਂ ਹੈ ,ਸਦੀਵੀ ਹੈ ਅਤੇ ਹਰੇਕ ਸਥਿਤੀ ਵਿਚ ਹੈ ,ਸਥਿਤੀ ਮੁਤਾਬਿਕ ਵਖਰੇਵਾਂ ਜਾਂ ਭਿੰਨ ਭੇਦ ਨਹੀਂ ਹੈ।

ਇਸ ਤੋਂ ਛੁੱਟ ਅੰਦੋਲਨ ਦੇ ਆਗੂ ਆਮ ਸਾਧੂ ਸੰਤਾਂ ਵਾਂਗ ਥੋੜ੍ਹੀ ਬਹੁਤ ਹਿਕਮਤ ਤੋਂ ਵੀ ਜਾਣੂ ਹੋਣ ਨੂੰ ਇਸ ਲਈ ਮਹੱਤਵ ਦਿੰਦੇ ਸਨ ਕਿ ਅੰਗਰੇਜੀ ਰਾਜ ਦੇ ਸਿਹਤ ਪ੍ਰਬੰਧ ਉੱਤੇ ਨਿਰਭਰ ਨਾ ਹੋਣਾ ਪਵੇ।ਉਨ੍ਹਾਂ ਦੇ ਸਰਧਾਲੂ ਪਰਦੇਸ ਵਿਚ ਬੈਠੇ ਹੋਇਆਂ ਤੋਂ ਵੀ ਆਪਣੀਆਂ ਸਰੀਰਕ ਅਹੁਰਾਂ ਲਈ ਨੁਸਖੇ ਮੰਗਵਾਇਆ ਕਰਦੇ ਸਨ।ਆਪਣੇ ਇਕ ਸੇਵਕ ਮੀਹਾਂ ਸਿੰਘ ਵਾਸਤੇ ਨੁਸਖਾ ਲਿਖਦੇ ਹਨ।

''ਮਹਿਦੀ ਦੇ ਪੱਤੇ ਲੈ ਕੇ ਰਾਤ ਕੋ ਭਿਉ ਦੇਣੇ ਕੋਰੇ ਭਾਂਡੇ ਮੈ ,ਪਾਣੀ ਓਨਾ ਪੌਣਾ,ਜਿਨਾ ਪੀਆ ਜਾਵੇ ਦੋ ਤਿੰਨ ਪੈਸੇ ਭਰ,ਹੋਰ ਪਤੇ ਦਿਨ ਚੜ੍ਹੇ ਦੂਏ ਆਦਮੀ ਨੇ ਮਹਿਦੀ ਮਲ ਲੈਣੀ ਪੋਸਤ ਮਾਗੂ ਮਲ ਕੇ ਪਾਣੀ ਸਾਫ ਕਰ ਮਿਸਰੀ ਪਾ ਕੇ ਪੀਣਾ,ਜੇ ਜਖਮ ਹੋਵੇ,ਪਤੀ ਦੇ ਬਿਚ ਥੋੜਾ ਕਥਾ ਪਾ ਕੇ ਰਗੜ੍ਹ ਕੇ ਜਖਮਾਂ ਉਤੇ ਲੈਣੀ।''[7]

ਇਸ ਅੰਦੋਲਨ ਨੇ ਸਮਾਜ ਦੀਆਂ ਪੁਰਾਤਨ ਬੁੱਸੀਆਂ ਹੋਈਆਂ ਕਦਰਾਂ ਨੂੰ ਪੋਚ ਕੇ ਨਵੀਂ ਸੋਚ ਨੂੰ ਪ੍ਰਜਵਲਿਤ ਕੀਤਾ।ਸੇਵਕਾਂ ਨੂੰ ਵਿਹਲੜ ਸਾਧੂਆਂ ਦੇ ਚੇਲਿਆਂ ਵਾਂਗ ਸਮਾਜ ਉੱਤੇ ਵਾਧੂ ਭਾਰ ਨਹੀਂ ਬਣਨ ਦਿੱਤਾ ,ਸਗੋਂ ਹੱਥੀਂ ਕਿਰਤ ਕਰ ਕੇ ਵੰਡ ਛਕਣ ਦਾ ਉਪਦੇ ਸ਼ਦਿੱਤਾ ਗਿਆ।ਸਿੱਖਾਂ ਦੀ ਆਤਮਿਕ ਉਸਾਰੀ ਵਿਚ ਇਸ ਅੰਦੋਲਨ ਦਾ ਮਹੱਤਵਪੂਰਨ ਹਿੱਸਾ ਹੈ।ਸੱਚ ਬੋਲਣ ਦੀ ਦਲੇਰੀ ਨੇ ਸਿੱਖੀ ਆਚਰਨ ਨੂੰ ਹੋਰਨਾਂ ਲੋਕਾਂ ਦੀਆਂ ਨ ਜ਼ਰਾਂ ਵਿਚ ਉੱਚਾ ਕੀਤਾ।ਕਤਲ ਕਰਕੇ ਆਪ ਕਚਹਿਰੀ ਵਿਚ ਪੇ ਸ਼ਹੋ ਜਾਣਾ ਜਾਂ ਆਪਣੇ ਆਪ ਨੂੰ ਪੁਲੀਸ ਦੇ ਹਵਾਲੇ ਕਰ ਦੇਣਾ ਇਸ ਅੰਦੋਲਨ ਦੇ ਪੈਰੋਕਾਰਾਂ ਦੇ ਹੈਰਾਨ ਕਰ ਦੇਣ ਵਾਲੇ ਕਾਰਨਾਮੇ ਹਨ ।ਇਸੇ ਕਾਰਨ ਕੂਕਿਆਂ ਦੀਆਂ ਸੱਚੀਆਂ ਗਵਾਹੀਆਂ ,ਉਨ੍ਹਾਂ ਦੇ ਜਾਨੀ ਦੁ ਸ਼ਮਣ ਅੰਗਰੇਜ਼ ਹਾਕਮਾਂ ਦੀਆਂ ਨਜ਼ਰਾਂ ਵਿਚ ਵੀ ਸਤਿਕਾਰ ਲੈ ਸਕਦੀਆਂ ਸਨ।

ਨਸ਼ਿਆਂ ਦਾ ਸੇਵਨ ਬੰਦ ਕਰਨਾ ,ਵਿਆਹ ਸ਼ਾਦੀ ਦੀਆਂ ਰਸਮਾਂ ਨੂੰ ਸਰਲ ਕਰਨਾ ,ਇਸਤਰੀ ਨੂੰ ਪੁਰ ਸ਼ਨਾਲ ਬਰਾਬਰਤਾ ਦੇਣੀ ,ਮੜ੍ਹੀਆਂ ਮਸਾਣਾਂ ਦੀ ਪੂਜਾ- ਬੰਦ ਕਰਨੀ ,ਇਤਿਆਦਿ ਉਸਾਰੂ ਪ੍ਰੋ ਗਰਾਮ ਕੂਕਾ- ਅੰਦੋਲਨ ਨੇ ਪੰਜਾਬੀ ਸਮਾਜ ਦੀ ਝੋਲੀ ਪਾਏ।

ਕੂਕਾ ਅੰਦੋਲਨ ਦੇ ਆਗੂ ਨੇ ਨਾਮਧਾਰੀ (ਕੂਕਾ) ਸਮਾਜ ਦੀ ਉਸਾਰੀ ਪੰਚਾਇਤੀ ਰਾਜ ਦੇ ਨਿਯਮਾਂ ਦੇ ਆਧਾਰ ਉੱਤੇ ਕੀਤੀ ਹੈ।ਜਿਹੜੇ ਪਿੰਡ ਨਾਮਧਾਰੀ ਬਣ ਚੁੱਕੇ ਸਨ ਉਨ੍ਹਾਂ ਵਿਚ ਪੰਚਾਇਤਾਂ ਦੀ ਸਥਾਪਨਾ ਤੇ ਉਨ੍ਹਾਂ ਦਾ ਅਮਲੀ ਰੂਪ ਵਿਚ ਸਫਲਤਾ ਨਾਲ ਕੰਮ ਕਰਨਾ,ਨਾ ਕੇਵਲ ਪ੍ਰਾਚੀਨ ਭਾਰਤੀ ਰਵਾਇਤਾਂ ਨੂੰ ਕਾਇਮ ਰੱਖਣ ਦਾ ਯਤਨ ਸੀ ,ਸਗੋਂ ਅੰਗਰੇਜ਼ੀ ਰਾਜ ਨੂੰ ਜੜੋਂ ਉਖੇੜ ਕੇ ਨਵੇਂ ਜਨ ਸਾਧਾਰਨ ਰਾਜ- ਪ੍ਰਬੰਧ ਦੇ ਕੇ,ਪਰਸਪਰ ਫਸਾਦਾਂ ਦੀਆਂ ਜੜ੍ਹਾਂ ਕੱਟੀਆਂ ਤੇ ਕਚਹਿਰੀ ਚੜ੍ਹ ਕੇ ਦਿਨ ਦਿਹਾੜੇ ਲੁੱਟੇ ਜਾਂਦੇ ਕਿਸਾਨਾਂ ਦੀ ਫਸਲ (ਰਿਜਕ) ਦੀ ਰੱਖਿਆ ਕੀਤੀ।ਕਾਮਰੇਡ ਸੋਹਨ ਸਿੰਘ ਜੋਸ਼ ਲਿਖਦੇ ਹਨ :

''ਆਪ (ਸਤਿਗੁਰੂ ਰਾਮ ਸਿੰਘ ) : ਜ਼ੁਲਮ ਹੁੰਦੇ ਵੇਖ ਕੇ ਜਰ ਨਹੀਂ ਸਨ ਸਕਦੇ ।ਉਹ ਸੰਸਾਰ ਵਿੱਚ ਠੰਡ ਵਰਤਾਉਣਾ ਚਾਹੁੰਦੇ ਸਨ।ਏਥੇ ਨਵਾਂ ਪ੍ਰਬੰਧ ਕਾਇਮ ਕਰਨਾ ਚਾਹੁੰਦੇ ਸਨ,ਜਿਹੜਾ ਕਿ ਭਰੱਪਣ ਤੇ ਏਕਤਾ ਉੱਤੇ ਉਸਰਿਆ ਹੋਵੇ।ਨਾਮਧਾਰੀ ਪੰਥ ਅੱਜ ਕੁਰਬਾਨੀ ,ਸਾਦਗੀ ਅਤੇ ਭਰੱਪਣ ਦਾ ਨਮੂਨਾ ਹੈ ।ਸਭ ਦਸਾਂ ਨਹੁੰਆਂ ਦੀ ਕ ਮਾਈ ਕਰਦੇ ਹਨ ਅਤੇ ਸਭ ਵੰਡ ਛਕਦੇ ਹਨ।ਸਭਨਾਂ ਵਿਚ ਸ਼ਰਧਾ ਪ੍ਰੇਮ ਵੇਖ ਕੇ ਸਿਰ ਝੁੱਕ ਜਾਂਦਾ ਹੈ।''[8]

ਰਾਜਸੀ ਖੇਤਰ ਵਿਚ 1857 ਦਾ ਇਨਕਲਾਬੀ ਅੰਦੋਲਨ ਅਸਫਲ ਹੋ ਚੁੱਕਾ ਸੀ ।ਇਸ ਸੰਗਰਾਮ ਵਿੱਚ ਹਿੱਸਾ ਲੈਣ ਵਾਲੇ ਜਾਂ ਤਾਂ ਅੰਗਰੇ ਜ਼ਾਂ ਦੇ ਕਬਜ਼ੇ ਹੇਠ ਆ ਚੁੱਕੇ ਸਨ ,ਜਾਂ ਇੱਧਰ ਉੱਧਰ ਹੋ ਕੇ ,ਲੁਕ ਛਿਪ ਕੇ ਦਿਨ ਕਟੀ ਕਰ ਰਹੇ ਸਨ।ਪੰਜਾਬ ਵਿਚ ਮੁੜ ਸਿੱਖ ਰਾਜ ਦੀ ਸਥਾਪਨਾ ਦਾ ਖਿਆਲ ਇਕ ਸੁਪਨਾ ਬਣ ਕੇ ਰਹਿ ਗਿਆ ਸੀ ।ਅਨੇਕਾਂ ਚੋਣਵੇਂ ਸਰਦਾਰਾਂ ਅਤੇ ਰਿਆਸਤੀ ਰਜਵਾੜਿਆਂ ਨੇ ਆਪਣਾ ਬਚਾਅ ਅੰਗਰੇਜ਼ੀ ਨੀਤੀ ਨੂੰ ਅਪਨਾਉਣ ਵਿੱਚ ਹੀ ਸਮਝ ਲਿਆ ਸੀ ਤੇ ਕਿਸੇ ਪ੍ਰਕਾਰ ਦੇ ਪੈਦਾ ਹੋਣ ਵਾਲੇ ਕੌਮੀ ਖਿਆਲਾਂ ਨੂੰ ਕੁਚਲਣਾ ਆਪਣਾ ਫ਼ਰਜ਼ਸਮਝਣ ਲੱਗ ਪਏ ਸਨ ।ਅਜਿਹੇ ਸਮੇਂ ਵਿਚ ਪੰਜਾਬ ਭਰ ਵਿਚ,ਇਕੋ ਬਾਬਾ ਜੀ ਦੀ ਸ਼ਖਸੀਅਤ ਹੀ ਸੀ,ਜਿਸ ਨੇ ਪੰਜਾਬੀ ਸਿੱਖਾਂ ਅੰਦਰ ਰਾ ਸ਼ਟਰੀ ਭਾਵਨਾਵਾਂ ਨੂੰ ਸੁਰਜੀਤ ਰੱਖਿਆ।

ਇਸ ਅੰਦੋਲਨ ਦੀ ਦੂਰਦਰ ਸ਼ੀ ਰਾਜਸੀ ਸੂਝ-ਬੂਝ ਅੰਗਰੇਜ਼ਾਂ ਦੀ ਚਿੰਤਾ ਵਿੱਚ ਹੋਰ ਵਾਧਾ ਕਰਦੀ ਸੀ ।ਗੁਆਂਢੀ ਪਰਦੇਸਾਂ ਨਾਲ ਮਿੱਤਰਾਚਾਰੀ ,ਸਰਕਾਰੀ ਅਦਾਰਿਆਂ ਨਾਲ ਮੁਕੰਮਲ ਬਾਈਕਾਟ ਤੇ ਨਾ- ਮਿਲਵਰਤਨ,ਸਮਾਂਤਰ ਸਰਕਾਰ

ਸਥਾਪਿਤ ਕਰਨਾ ਅਜਿਹੇ ਹਥਿਆਰ ਸਨ ਜੋ ਕਾਰਗਰ ਵੀ ਸਿੱਧ ਹੁੰਦੇ ਸਨ ਤੇ ਸਰਕਾਰੀ ਲਪੇਟ ਤੋਂ ਵੀ ਬਚਾਅ ਹੋ ਜਾਂਦਾ ਸੀ।ਇਸ ਅੰਦੋਲਨ ਦੇ ਵਿਦੇਸ਼ੀ ਵਸਤਾਂ ਦਾ ਬਾਈਕਾਟ ਤੇ ਸੁਦੇਸ਼ੀ ਪਰਚਾਰ ਅਜਿਹੇ ਠੋਸ ਪ੍ਰੋਗਰਾਮ ਸਨ ਜਿਨ੍ਹਾਂ ਨੂੰ ਬਾਅਦ ਵਿੱਚ ਭਾਰਤੀ ਸੁਤੰਤਰਤਾ ਸੰਗਰਾਮ ਨੇ ਖੁੱਲ੍ਹੇ ਤੌਰ ਤੇ ਅਪਣਾਇਆ।

''ਨਾਮਧਾਰੀਆਂ ਦੇ ਨਾ ਮਿਲਵਰਤਨ ਪ੍ਰੋਗਰਾਮ ਦੀ ਸਫਲਤਾ ਤੋਂ ਪ੍ਰੇਰਿਤ ਹੋ ਕੇ ਹੀ 50 ਸਾਲ ਬਾਅਦ ਮਹਾਤਮਾ ਗਾਂਧੀ ਨੇ ਇਸ ਨੂੰ ਅਪਣਾਇਆ ਤੇ ਪਰਚਾਰਿਆ ,ਪਰੰਤੂ ਇਹ ਗੱਲ ਮੰਨਣ ਵਿੱਚ ਸਾਨੂੰ ਕੋਈ ਸੰਦੇਹ ਨਹੀਂ ਹੈ ਕਿ ਉਨ੍ਹੀਵੀਂ ਸਦੀ ਦੇ ਕਠਨ ਸਮੇਂ ਅੰਦਰ ਭੀ ਜੋ ਨਿਗਰਤਾ ਤੇ ਪਕਿਆਈ ਬਾਬਾ ਜੀ ਦੇ ਜਤਨਾਂ ਦੁਆਰਾ ਧਾਰਨ ਹੋਈ ਉਹ ਕਾਂਗਰਸ ਨੂੰ ਪਰਾਪਤ ਨਹੀਂ ਹੋ ਸਕੀ।ਬਗੈਰ! ਬਾਬਾ ਜੀ ਦੀ ਦਿੱਤੀ ਹੋਈ ਇਨਕਲਾਬ ਦੀ ਗੁੜਤੀ ਭਾਰਤ ਦੇ ਸੁਤੰਤਰਤਾ ਪ੍ਰੋਗਰਾਮ ਸਮੇਂ ਖੂਬ ਪ੍ਰਫੁੱਲਤ ਹੋਈ।ਪੰਜਾਬ ਅੰਦਰ ਨਾਮਧਾਰੀਆਂ ਨੇ ਵਧ ਚੜ੍ਹ ਕੇ ਮਹਾਤਮਾ ਗਾਂਧੀ ਦੇ ਪ੍ਰੋਗਰਾਮ ਨੂੰ ਸਮਰਥਨ ਦਿੱਤਾ ਤੇ ਕਾਂਗਰਸੀਆਂ ਨਾਲ,ਮੋਢੇ ਨਾਲ ਮੋਢਾ ਡਾਹ ਕੇ,ਹਰੇਕ ਖੇਤਰ ਵਿਚ ਜੂਝਦੇ ਰਹੇ।''[9]

ਕੂਕਾ-ਅੰਦੋਲਨ ਤੋਂ ਪ੍ਰਭਾਵ ਗ੍ਰਹਿਣ ਕਰਕੇ ਹੋਰ ਬਹੁਤ ਸਾਰੀਆਂ ਜੱਥੇਬੰਦੀਆਂ ਦੁਆਰਾ ਸੁਤੰਤਰਤਾ ਸੰਗਰਾਮ ਲਈ ਪ੍ਰੇਰਨਾ ਪ੍ਰਾਪਤ ਕਰਨ ਬਾਰੇ ਡਾ. ਜਸਵੰਤ ਸਿੰਘ ਜਸ ਲਿਖਦੇ ਹਨ:

''ਇਥੇ ਹੀ ਬਸ ਨਹੀਂ,ਕੂਕਾ ਲਹਿਰ ਦੀਆਂ ਕੁਰਬਾਨੀਆਂ ਆਉਣ ਵਾਲੇ ਸਮੇਂ ਅੰਦਰ ਪ੍ਰੇਰਨਾ ਦਾ ਸਰੋਤ ਬਣਦੀਆਂ ਰਹੀਆਂ ਹਨ।ਗਦਰ ਲਹਿਰ ਦੀ ਉਪਜ ,ਗਦਰ ਗੂੰਜ਼ਦੀਆਂ ਕਵਿਤਾਵਾਂ ਕੂਕੇ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਉਭਾਰ ਕੇ ਪੇਸ਼ਕਰਦੀਆਂ ਰਹੀਆਂ ਹਨ ।ਨਾਮਧਾਰੀਆਂ ਦਾ ਡੇਰਾ ਭੈਣੀ ਸਾਹਿਬ ,ਗੁਪਤ ਰੂਪ ਵਿਚ ਇਨਕਲਾਬੀਆਂ ਦਾ ਰੈਣ- ਬਸੇਰਾ ਬਣਿਆ ਰਿਹਾ ਹੈ।ਸਰਦਾਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਨਾਮਧਾਰੀ ਇਤਿਹਾਸ ਤੋਂ ਚੋਖੀ ਪ੍ਰੇਰਨਾ ਤੇ ਮਨੋਬਲ ਮਿਲਦਾ ਰਿਹਾ ਹੈ।''[10]

ਇਸੇ ਤਰ੍ਹਾਂ ਕੋਈ ਵੀ ਸੰਪ੍ਰਦਾ ਜਾਂ ਲਹਿਰ ਆਪਣੇ ਕਾਰਨਾਮਿਆਂ ਨੂੰ ਸਾਹਿਤ ਰਚਨਾ ਰਾਹੀਂ ਦਸਤਾਵੇਜੀ ਬਣਾ ਕੇ ਪੈੜਾਂ ਸਥਾਪਿਤ ਕਰਦੀ ਹੈ ।ਨਾਮਧਾਰੀ ਅੰਦੋਲਨ (ਸੰਪ੍ਰਦਾ) ਨੇ ਵੀ ਆਪਣੇ 150 ਸਾਲਾਂ ਦੇ ਅਧਿਆਤਮਕ ,ਸਮਾਜਿਕ ਤੇ ਰਾਜਨੀਤਕ ਸਫਰ ਦੌਰਾਨ ਬਹੁਤ ਸਾਰੇ ਸਾਹਿਤ ਦੀ ਸਿਰਜਨਾ ਕੀਤੀ।

ਇਸ ਅੰਦੋਲਨ ਦੀ ਸਾਹਿਤਿਕ ਖੇਤਰ ਵਿੱਚ ਢੁੱਕ ਕੇ ਮਹਾ ਨਤਾ ਬਾਰੇ ਗੱਲ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਅਧਿਐਨ ਅਤੇ ਅਭਿਆਸ ਦੇ ਬਲ ਨਾਲ ਸਤਿਗੁਰੂ ਰਾਮ ਸਿੰਘ ਦੇ ਮੌਖਿਕ ਪ੍ਰਗਟਾਅ ਅਤੇ ਲਿਖਤੀ ਪ੍ਰਗਟਾਅ ਵਿੱਚ ਚੋਖੀ ਰਵਾਨੀ,ਸਰਲਤਾ ਤੇ ਸਪੱਸ਼ਟਤਾ ਆ ਚੁੱਕੀ ਸੀ।ਚੌਦਾਂ ਸਾਲ ਪਰਦੇਸ ਵਿੱਚ ਬੈਠ ਕੇ ਉਹਨਾਂ ਵੱਲੋਂ ਲਿਖੇ ਗਏ ਹੁਕਮਨਾਮੇ ਤੇ ਅਰਦਾਸਾਂ ਉੱਨ੍ਹੀਵੀਂ ਸਦੀ ਦੀ ਪੰਜਾਬੀ ਵਾ ਰਤਕ ਲਿਖਤ ਦਾ ਉੱਤਮ ਨਮੂਨਾ ਮੰਨੇ ਜਾਂਦੇ ਹਨ ।ਇਨ੍ਹਾਂ ਅਰਦਾਸਾਂ ਸਦਕਾ ਹੀ ਇੰਨ੍ਹੇ ਲੰਮੇ ਸਮੇਂ ਵਾਸਤੇ ਪੰਜਾਬ ਤੇ ਪੰਜਾਬੀਆਂ ਨਾਲ ਉਹਨਾਂ ਦੀ ਸਾਂਝ ਜਿਉਂ ਦੀ ਤਿਉਂ ਬਣ ਰਹੀ।

ਸਾਹਿਤ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਵੀ ਇੱਕ ਅੰਦੋਲਨ ਦੀ ਭੂਮਿਕਾ ਮਹੱਤਵਪੂਰਨ ਹੈ ।ਇਸ ਅੰਦੋਲਨ ਦੇ ਹਰੇਕ ਬੱਚੇ ਬੱਚੀ ਵਾਸਤੇ ਇਸ ਦਾ ਗਿਆਨ ਜਰੂਰੀ ਸਮਝਿਆ ਜਾਂਦਾ ਰਿਹਾ ਹੈ।ਪਰਦੇਸ ਵਿੱਚ ਬੈਠੇ ਲਹਿਰ ਦੇ ਆਗੂ ਆਪਣੀਆਂ ਚਿੱਠੀਆਂ ਰਾਹੀਂ ਇਸ ਬਾਰੇ ਸੰਗਤ ਨੂੰ ਸੁਚੇਤ ਕਰਦੇ ਰਹਿੰਦੇ ਸਨ।

ਸੰਗੀਤ ਜਿਸ ਨੂੰ ਸਿੱਖ ਸਮਾਜ ਵਿੱਚ ' ਕੀਰਤਨ ' ਕਿਹਾ ਜਾਂਦਾ ਹੈ,ਗੁਰੂ ਘਰ ਦੀ ਇੱਕ ਸਾਧਨਾ ਪੱਧਤੀ ਹੈ ਅਤੇ ਇਸਨੂੰ ਨਾਮਧਾਰੀ ਸੰਪ੍ਰਦਾ ਨੇ ਵੀ ਕਾਇਮ ਰੱਖਿਆ ।ਬਾਬਾ ਰਾਮ ਸਿੰਘ ਜੀ ਸੰਗੀਤ ਪ੍ਰੇਮੀ ਸਨ ਅਤੇ ਉਹ ਸਮਝਦੇ ਸਨ ਕਿ ਕੌਮ ਵਿਚ ਰੂਹ ਭਰਨ ਲਈ ਸੰਗੀਤ ਤੇ ਸਾਹਿਤ ਦੋ ਹਥਿਆਰ ਹਨ ।ਉਨ੍ਹਾਂ ਨੇ ਢੋਲਕੀ ਦੀ ਥਾਪ ਨਾਲ ਹੀ ਅੰਗਰੇ ਜ਼ ਹਕੂਮਤ ਹਿਲਾ ਦਿੱਤੀ ਸੀ।

ਨਾਮਧਾਰੀ ਸੰਪ੍ਰਦਾ ਨੇ ਸੰਗੀਤ ਦੀਆਂ ਦੋ ਸ਼ੈਲੀਆਂ ਪ੍ਰਚਲਿਤ ਕੀਤੀਆਂ ।ਇੱਕ ਰਾਗੀਆਂ ਰਬਾਬੀਆਂ ਵਾਲੀ ਰਾਗਾਂ ਉੱਤੇ ਆਧਾਰਿਤ ਸ਼ਾਸਤਰੀ ਸੰਗੀਤ ਵਾਲੀ ਅਤੇ ਦੂਜੀ ਸੰਗਤਾਂ ਵੱਲੋਂ ਪ੍ਰੇਮ ਨਾਲ ਰਲ ਕੇ ਗਾਉਣ ਵਾਲੀ ਲੋਕ-ਧਾਰਨਾ ਵਾਲੀ ਜਿਸ ਨੂੰ ਉਨ੍ਹਾਂ ਨੇ ' ਹੱਲੇ ਦਾ ਕੀਰਤਨ 'ਕਿਹਾ ਹੈ।ਅਮਰ ਭਾਰਤੀ ਇੱਕ ਲੇਖ ' ਢੋਲਕੀ ਵਜਦੀ ਰਹੀ 'ਵਿਚ ਲਿਖਦੇ ਹਨ :

''ਢੋਲਕੀ ਦੀ ਥਾਪ,ਹੱਥੀ ਛੈਣੇ,ਖੂਬ ਸਿਰ ਮਾਰ ਕੇ ਕੰਨਾਂ ਵਿਚ ਉਂਗਲਾ ਪਾ ਕੇ ਜਦ ਇਕ-ਇਕ ਧਾਰਨਾ ਤੇ ਧੰਮ-ਚੌਗਤੀ ਚੁਕਣੀ ਤਾਂ ਇਵੇਂ ਲਗਦਾ ਜਿਵੇਂ ਇਹ ਰਾਤੀਂ ਫਰੰਗੀਆਂ ਨੂੰ ਦੇਸ਼ਵਿਚੋਂ ਕੱਢ ਕੇ ਸੌਣਗੇ।''[11]

ਇਸ ਤਰ੍ਹਾਂ ਭਾਰਤੀ ਇਤਿਹਾਸ ਵਿਚ ਕੂਕਾ- ਅੰਦੋਲਨ ਦਾ ਆਪਣਾ ਇਕ ਵਿਲੱਖਣ ਸਥਾਨ ਅਤੇ ਮਹੱਤਵ ਹੈ।ਵਿਦੇਸ਼ੀ ਰਾਜ ਮਸ਼ੀਨਰੀ ਦੇ ਹਰ ਪੁਰਜੇ ਤੇ ਸੱਟ ਮਾਰਨ ਲਈ ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਕੂਕਾ- ਅੰਦੋਲਨ

ਨੇ ਆਪਣਾ ਇਕ ਦੇਸੀ ਸਮਾਨਾਂ ਤਰ ਢਾਂਚਾ ਪ੍ਰਚਲਿਤ ਕੀਤਾ ।ਅੰਗਰੇਜ਼ੀ ਰਾਜ ਦੀਆਂ ਡਾਕ- ਸੇਵਾਵਾਂ,ਆਵਾਜਾਈ ਪ੍ਰਬੰਧ,ਕੱਪੜਾ,ਸਕੂਲ,ਸਿਹਤ ਸੇਵਾਵਾਂਆਦਿ ਦੇ ਬਾਈਕਾਟ-ਸੰਕਲਪ ਤੋਂ ਹੀ ਮਹਾਤਮਾ ਗਾਂਧੀ ਆਪਣੇ ਸੁਤੰਤਰਤਾ ਸੰਗਰਾਮ ਵਿਚ ਨਾ-ਮਿਲਵਰਤਨ ਦੀ ਅੰਤਰ-ਦ੍ਰਿਸ਼ਟੀ ਗ੍ਰਹਿਣ ਕਰਦਾ ਹੈ।ਸੋ ਬਾਬਾ ਰਾਮ ਸਿੰਘ ਦੇ ਇਸ ਸੰਕਲਪ ਦਾ ਆਪਣਾ ਇਕ ਇਤਿਹਾਸਕ ਸਥਾਨ ਹੈ ।ਸਮਾਜਿਕ ਅਤੇ ਧਾਰਮਿਕ ਤੌਰ ਤੇ ਰਸਾਤਲ ਦੇ ਰਾਹ ਪਏ ਪੰਜਾਬੀ ਲੋਕਾਂ ਨੂੰ ਉਸ ਤਰ੍ਹਾਂ ਹੀ ਅੰਗਰੇਜ਼ ਹਕੂਮਤ ਵਰਗੇ ਮ ਜ਼ਬੂਤ ਸਾਮਰਾਜ ਵਿਰੁੱਧ ਬਾਂਹ ਫੜ੍ਹ ਕੇ ਖੜਾ ਕਰ ਲਿਆ ,ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਮੁਗਲ ਸ਼ਾਹੀ ਵਿਰੁੱਧ ਸਿੱਖਾਂ ਨੂੰ ਖੜ੍ਹਾ ਕਰ ਲਿਆ ਸੀ।ਇਹ ਕੂਕਾ-ਅੰਦੋਲਨ ਦੀ ਆਪਣੇ ਤੌਰ ਤੇ ਇੱਕ ਇਤਿਹਾਸਕ ਦੇਣ ਵੀ ਹੈ ਤੇ ਮਹੱਤਤਾ ਵੀ।

## ਹਵਾਲੇ ਤੇ ਟਿੱਪਣੀਆਂ


1. ਭਾਈ ਕਾਹਨ ਸਿੰਘ ਨਾਭਾ,ਮਹਾਨ ਕੋਸ਼,ਪੰਨਾ1033-34
2. Dr.Gopal Singh, A History of Sikh people, page 608.
3. ਹਰਮਿੰਦਰ ਸਿੰਘ ਬੇਦੀ ਅਤੇ ਜਸਵਿੰਦਰ ਸਿੰਘ (ਸੰਪਾਦਕ),ਨਾਮਧਾਰੀ ਲਹਿਰ, ਪੰਨਾ 232.
4. ਦਲੀਪ ਸਿੰਘ ਨਾਮਧਾਰੀ,ਭਾਰਤੀ ਸੁਤੰਤਰਤਾ ਇਤਿਹਾਸ ਦਾ ਸੁਨਹਿਰੀ ਪੰਨਾ ਕੂਕਾ ਲਹਿਰ, (1857 ਤੋਂ 1947 ਈ. ਤੱਕ),ਪੰਨਾ166.
5. ਸ.ਨਾਹਰ ਸਿੰਘ,ਐਮ.ਏ.
6. ਉਧਰਿਤ:ਭਾਰਤੀ ਸੁਤੰਤਰਤਾ ਇਤਿਹਾਸ ਦਾ ਸੁਨਹਿਰੀ ਪੰਨਾ,ਕੂਕਾ ਲਹਿਰ (1857 ਤੋਂ 1947 ਈ. ਤੱਕ),ਦਲੀਪ ਸਿੰਘ ਨਾਮਧਾਰੀ,ਲੋਕਗੀਤ ਪ੍ਰਕਾਸ਼ਨ,2005,ਪੰਨਾ 166.
7. ਦਲੀਪ ਸਿੰਘ ਨਾਮਧਾਰੀ,ਭਾਰਤੀ ਸੁਤੰਤਰਤਾ ਇਤਿਹਾਸ ਦਾ ਸੁਨਹਿਰੀ ਪੰਨਾ,ਕੂਕਾ ਲਹਿਰ (1857 ਤੋਂ 1947 ਈ. ਤੱਕ),ਪੰਨਾ: 167.
8. ਹੁਕਮਨਾਮਾ: 3,ਉਧਰਿਤ-ਓਹੀ,ਪੰਨਾ : 216.
9. ਸਤਿਜੁੱਗ 12 ਮਾਘ,1995,ਉਧਰਿਤ-ਓਹੀ,ਪੰਨਾ: 217.
10. ਜਸਵੰਤ ਸਿੰਘ ਜਸ, ਡਾ.ਬਾਬਾ ਰਾਮ ਸਿੰਘ ਨਾਮਧਾਰੀ,ਪੰਨਾ: 218.
11. ਉਹੀ,ਪੰਨਾ: 219.